


ਰੂਪਨਗਰ ਅਜੀਤ
ਅਜੀਤ ਚੰਡੀਗੜ੍ਹ
ਸੋਮਵਾਰ, 9 ਦਸੰਬਰ 2024





## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

**ਰੇਡੀਓ**



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **9 ਦਸੰਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਅਤੇ **10 ਦਸੰਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

**ਪੀ. ਟੀ. ਸੀ.**

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 9 **ਦਸੰਬਰ** ਨੂੰ ਸ਼ਾਮ 4.30 ਤੋਂ 6.30 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਸਾਹਿਬ ਸਿੰਘ** ਤੇ **10 ਦਸੰਬਰ** ਨੂੰ ਸਵੇਰੇ 4.00 ਵਜੇ ਤੋਂ 7.45 ਵਜੇ ਤੱਕ **ਭਾਈ ਦਵਿੰਦਰ ਸਿੰਘ** ਅਤੇ **ਭਾਈ ਗੁਰਸੇਵਕ ਸਿੰਘ** ਕੀਰਤਨ ਕਰਨਗੇ।

**ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 4.00 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 5.30 ਵਜੇ ਤੋਂ 7.30 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।**

ਮੁੱਖ ਵਾਕ ਦੀ ਕਥਾ : **9 ਦਸੰਬਰ ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ** ਤੇ 10 **ਦਸੰਬਰ ਨੂੰ ਗਿਆਨੀ ਗੁਰਲਾਲ ਸਿੰਘ ਮੀਰਾਂਕੋਟ, ਗੁ: ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ** ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

## ਸੈਣੀ ਭਵਨ ਰੂਪਨਗਰ 'ਚ 23ਵਾਂ ਖ਼ੂਨਦਾਨ ਕੈਂਪ...

ਸਫਾ 5 ਦੀ ਬਾਕੀ

ਡਾ. ਜਸਵੰਤ ਕੌਰ ਦਾ ਜਨਮ ਦਿਨ ਵੀ ਮਨਾਇਆ ਗਿਆ। ਮੀਟਿੰਗ ਵਿਚ ਪ੍ਰਬੰਧਕੀ ਕਮੇਟੀ ਦੇ ਟਰੱਸਟੀ ਤੇ ਮੈਂਬਰ ਬਲਬੀਰ ਸਿੰਘ ਸੈਣੀ, ਗੁਰਮੁਖ ਸਿੰਘ ਸੈਣੀ, ਇੰਜ. ਹਰਜੀਤ ਸਿੰਘ ਸੈਣੀ, ਗੁਰਮੁਖ ਸਿੰਘ ਲੌਂਗੀਆਂ, ਰਾਮ ਸਿੰਘ ਸੈਣੀ, ਡਾ. ਜਸਵੰਤ ਕੌਰ, ਦੇਵਿੰਦਰ ਸਿੰਘ ਜਟਾਣਾ, ਰਾਜਿੰਦਰ ਸੈਣੀ, ਹਰਚਰਨ ਦਾਸ ਸੈਰ, ਬਹਾਦਰਜੀਤ ਸਿੰਘ, ਰਾਜਿੰਦਰ ਸਿੰਘ ਨੰਨੂਆ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਦਲਜੀਤ ਸਿੰਘ, ਜਗਦੇਵ ਸਿੰਘ, ਪ੍ਰਿਤਪਾਲ ਸਿੰਘ, ਹਰਦੀਪ ਸਿੰਘ ਆਦਿ ਹਾਜ਼ਰ ਸਨ।

### ਤਿਮਾਹੀ ਮੈਗਜ਼ੀਨ ਸੈਣੀ ਸੰਸਾਰ ਦਾ 55ਵਾਂ ਅੰਕ ਹੋਵੇਗਾ ਜਾਰੀ

## ਗੱਦੀਵਾਲ ਦੇ ਐੱਸ.ਐੱਚ.ਓ. ਦਵਿੰਦਰਪਾਲ ਸਿੰਘ ਦੀ ਸੜਕ ਹਾਦਸੇ 'ਚ ਮੌਤ, ਸਸਕਾਰ ਅੱਜ

ਨੂਰਪੁਰ ਬੇਦੀ, 7 ਦਸੰਬਰ (ਹਰਦੀਪ ਸਿੰਘ ਢੀਡਸਾ)-ਨੂਰਪੁਰ ਬੇਦੀ ਬਲਾਕ ਦੇ ਪਿੰਡ ਗੱਦੀਵਾਲ ਨਾਲ ਸੰਬੰਧਿਤ ਪੰਜਾਬ ਪੁਲਿਸ ਦੇ ਇੰਸਪੈਕਟਰ ਦਵਿੰਦਰ ਪਾਲ ਸਿੰਘ ਜੋ ਕਿ ਸਮਰਾਲਾ ਵਿਖੇ ਐੱਸ.ਐੱਚ.ਓ ਸਨ, ਦੀ ਕੱਲ੍ਹ ਇੱਕ ਸੜਕ ਹਾਦਸੇ ਵਿਚ ਮੌਤ ਹੋਣ ਦਾ ਦੁਖਦਾਇਕ ਸਮਾਚਾਰ ਪ੍ਰਾਪਤ ਹੋਇਆ ਹੈ। ਇੰਸਪੈਕਟਰ ਦਵਿੰਦਰਪਾਲ ਸਿੰਘ ਪਿੰਡ ਗੱਦੀਵਾਲ ਦੇ ਸੇਵਾ ਮੁਕਤ ਲੇਟ ਇੰਸਪੈਕਟਰ ਕੇਵਲ ਕ੍ਰਿਸ਼ਨ ਅਤੇ ਸੇਵਾ ਮੁਕਤ ਇੰਸਪੈਕਟਰ ਰਾਜਿੰਦਰ ਸਿੰਘ ਦੇ ਭਰਾ ਸਨ। ਇੰਸਪੈਕਟਰ ਦਵਿੰਦਰ ਪਾਲ ਸਿੰਘ ਦੀ ਸੜਕ ਹਾਦਸੇ ਵਿਚ ਹੋਈ ਮੌਤ ਉਪਰੰਤ ਇਲਾਕੇ ਵਿਚ ਸੋਗ ਦੀ ਲਹਿਰ ਹੈ। ਇਹਨਾਂ ਦੇ ਰਿਸ਼ਤੇਦਾਰ ਮਾਸਟਰ ਗੋਪਾਲ ਚੰਦ ਸੈਣੀ ਮਾਜਰਾ ਨੇ ਦੱਸਿਆ ਕਿ ਇੰਸਪੈਕਟਰ ਦਵਿੰਦਰ ਪਾਲ ਸਿੰਘ ਦਾ ਅੰਤਿਮ ਸੰਸਕਾਰ ਅੱਜ 9 ਦਸੰਬਰ ਨੂੰ ਗੋਬਿੰਦਗੜ੍ਹ ਵਿਖੇ ਇੱਕ ਵਜੇ ਕੀਤਾ ਜਾਵੇਗਾ। ਇਹਨਾਂ ਦੀ ਬੇਵਕਤੀ ਮੌਤ 'ਤੇ ਵੱਖ-ਵੱਖ ਆਗੂਆਂ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ, ਜਿਨ੍ਹਾਂ ਵਿਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ, ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ, ਡਾਕਟਰ ਦਲਜੀਤ ਸਿੰਘ ਚੀਮਾ ਸਾਬਕਾ ਸਿੱਖਿਆ ਮੰਤਰੀ, ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਐੱਸਜੀਪੀਸੀ, ਜਥੇਦਾਰ ਜਰਨੈਲ ਸਿੰਘ ਔਲਖ, ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਜ਼ਿਲ੍ਹਾ ਭਾਜਪਾ ਪ੍ਰਧਾਨ ਅਜੇ ਵੀਰ ਸਿੰਘ ਲਾਲਪੁਰਾ, ਜ਼ਿਲ੍ਹਾ ਕਾਂਗਰਸ ਪ੍ਰਧਾਨ ਅਸ਼ਵਨੀ ਸ਼ਰਮਾ, ਮਾਸਟਰ ਗੋਪਾਲ ਚੰਦ ਸਾਬਕਾ ਸਰਪੰਚ ਸੈਣੀ ਮਾਜਰਾ, ਸਮਾਜ ਸੇਵੀ ਗੌਰਵ ਰਾਣਾ, ਐਡਵੋਕੇਟ ਦੌਲਤ ਸਿੰਘ ਚਵਰੇਵਾਲ, ਜਥੇਦਾਰ ਮੋਹਨ ਸਿੰਘ ਡੂਮੇਵਾਲ, ਸਾਬਕਾ ਸਰਪੰਚ ਰਵਿੰਦਰ ਸਿੰਘ ਗੱਦੀਵਾਲ, ਕਾਨੂੰਗੋ ਤਰਸੇਮ ਲਾਲ ਗੱਦੀਵਾਲ, ਸਬ ਇੰਸਪੈਕਟਰ ਅਵਤਾਰ ਸੋਨੀ ਗੱਦੀਵਾਲ, ਸੇਵਾ ਮੁਕਤ ਏਡੀਸੀ ਦਵਿੰਦਰ ਸ਼ਰਮਾ, ਡਾਕਟਰ ਅਨੰਤ ਰਾਮ ਸੇਵਾ ਮੁਕਤ ਡਿਪਟੀ ਡਾਇਰੈਕਟਰ, ਜਰਨੈਲ ਸਿੰਘ ਨਿੱਕੂਵਾਲ, ਇੰਸਪੈਕਟਰ ਕੁਲਵੀਰ ਸਿੰਘ ਕੰਗ ਸਮੇਤ ਹੋਰਨਾਂ ਦੇ ਨਾਲ ਸ਼ਾਮਿਲ ਹਨ।



ਇੰਸਪੈਕਟਰ ਦਵਿੰਦਰ ਪਾਲ ਸਿੰਘ ਦੀ ਫਾਈਲ ਤਸਵੀਰ





ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਰੋਟੇਰੀਅਨ ਨਾਲ ਪ੍ਰਬੰਧਕ। (ਸੱਜੇ) ਟੂਰਨਾਮੈਂਟ ਦੌਰਾਨ ਰੱਸਾ ਕੱਸੀ ਮੁਕਾਬਲੇ ਦੀ ਤਸਵੀਰ। *ਤਸਵੀਰਾਂ : ਵਰੁਣ ਲਾਂਬਾ*

# ਰੋਟਰੀ ਕਲੱਬ ਰੂਪਨਗਰ ਨੇ ਕਰਵਾਈਆਂ ਅੰਤਰ ਸਕੂਲ ਖੇਡਾਂ

### ਜੀਨੀਅਸ ਸਕੂਲ ਨੇ ਓਵਰਆਲ ਅਤੇ ਸਭ ਤੋਂ ਵੱਧ ਭਾਗੀਦਾਰੀ ਲਈ ਡੀ.ਏ.ਵੀ. ਸਕੂਲ ਨੇ ਜਿੱਤੀਆਂ ਟਰਾਫ਼ੀਆਂ

ਰੂਪਨਗਰ, 8 ਦਸੰਬਰ (ਸਤਨਾਮ ਸਿੰਘ ਸੱਤੀ)-ਰੋਟਰੀ ਕਲੱਬ ਰੂਪਨਗਰ ਨੇ ਖ਼ਾਲਸਾ ਸਕੂਲ ਰੂਪਨਗਰ ਦੇ ਖੇਡ ਮੈਦਾਨ 'ਚ ਅੰਤਰ ਸਕੂਲ ਖੇਡਾਂ ਕਰਵਾਈਆਂ। ਇਨ੍ਹਾਂ ਖੇਡਾਂ 'ਚ 10 ਸਰਕਾਰੀ ਅਤੇ ਪ੍ਰਾਈਵੇਟ ਸਕੂਲ ਦੇ 300 ਖਿਡਾਰੀਆਂ ਨੇ ਭਾਗ ਲਿਆ। ਇਨ੍ਹਾਂ ਖੇਡਾਂ 'ਚ 17 ਤੋਂ 19 ਸਾਲ ਵਰਗ ਦੇ ਲੜਕੇ ਲੜਕੀਆਂ ਨੇ ਲੰਬੀ ਛਾਲ, ਅਥਲੈਟਿਕਸ, ਫੁੱਟਬਾਲ ਆਦਿ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਖੇਡਾਂ 'ਚ ਡੀ.ਏ.ਵੀ. ਸਕੂਲ ਰੂਪਨਗਰ, ਸੇਂਟ ਕਾਰਮਲ ਸਕੂਲ, ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ, ਜੀ.ਐਮ.ਐਨ. ਸੀਨੀਅਰ ਸਕੈਂਡਰੀ ਸਕੂਲ, ਰਘੂਨਾਥ ਸਹਾਏ ਸੀਨੀਅਰ ਸਕੈਂਡਰੀ ਸਕੂਲ, ਜੀਨੀਅਸ ਇੰਟਰਨੈਸ਼ਨਲ ਸਕੂਲ, ਪਰਿਵਾਰ ਵਿਛੋੜਾ ਸਕੂਲ, ਨੇਤਾ ਜੀ ਮਾਡਲ ਸਕੂਲ ਸਮੇਤ ਸਰਸਾ ਨੰਗਲ, ਖ਼ਾਲਸਾ ਸਕੂਲ ਰੂਪਨਗਰ ਅਤੇ ਖ਼ਾਲਸਾ ਸਕੂਲ ਜੰਡ ਸਾਹਿਬ (ਸ੍ਰੀ ਚਮਕੌਰ ਸਾਹਿਬ) ਸਕੂਲਾਂ ਦੇ ਵਿਦਿਆਰਥੀ ਸ਼ਾਮਲ ਸਨ। ਟੂਰਨਾਮੈਂਟ ਦਾ ਉਦਘਾਟਨ ਜ਼ਿਲ੍ਹਾ ਖੇਡ ਅਫ਼ਸਰ ਜਗਜੀਵਨ ਸਿੰਘ ਨੇ ਕੀਤਾ। ਖ਼ਾਲਸਾ ਸੀਨੀਅਰ ਸਕੈਂਡਰੀ ਸਕੂਲ ਰੂਪਨਗਰ ਦੇ ਖਿਡਾਰੀਆਂ ਨੇ ਸ਼ਾਨਦਾਰ ਮਾਰਚ ਪਾਸਟ ਕੀਤਾ ਅਤੇ ਖਿਡਾਰੀਆਂ ਨੇ ਸਹੁੰ ਚੁੱਕੀ। ਇਸ ਮੌਕੇ ਰੋਟਰੀ ਦੇ ਸਾਬਕਾ ਡਿਸਟ੍ਰਿਕਟ ਗਵਰਨਰ ਡਾ.ਆਰ.ਐਸ. ਪਰਮਾਰ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਖ਼ਾਲਸਾ ਸਕੂਲ ਵਲੋਂ ਕੀਤੇ ਪ੍ਰਬੰਧਾਂ ਅਤੇ ਕਲੱਬ ਦੇ ਪ੍ਰਧਾਨ ਰੋਟੇਰੀਅਨ ਗਗਨ ਸੈਣੀ ਅਤੇ ਸਮੁੱਚੀ ਰੋਟਰੀ ਟੀਮ ਦੀ ਭਰਵੀਂ ਸ਼ਲਾਘਾ ਕੀਤਾ। ਲੜਕੀਆਂ ਦੇ ਅੰਡਰ 19 ਸਾਲ ਵਰਗ ਦੀ 100 ਮੀਟਰ ਦੌੜ ਵਿਚ ਡੀ.ਏ.ਵੀ ਸਕੂਲ ਦੀ ਜੈਦਾ ਨੇ ਪਹਿਲਾ, ਜੀ.ਐਮ.ਐਨ ਸਕੂਲ ਦੀ ਈਸ਼ੂ ਨੇ ਦੂਜਾ, ਲੜਕਿਆਂ ਦੇ ਅੰਡਰ 19 ਸਾਲ ਵਰਗ ਦੇ ਮੁਕਾਬਲਿਆਂ ਵਿਚ ਡੀ.ਏ.ਵੀ. ਸਕੂਲ ਦੇ ਨਵਪ੍ਰੀਤ ਸਿੰਘ ਪਹਿਲੇ, ਸੇਂਟ ਕਾਰਮਲ ਸਕੂਲ ਦੇ ਅਮਰਿੰਦਰ ਸਿੰਘ ਨੇ ਦੂਜਾ ਸਥਾਨ, ਲੜਕੀਆਂ ਦੀ 17 ਸਾਲ ਤੋਂ ਘੱਟ ਉਮਰ ਵਰਗ ਦੀ 100 ਮੀਟਰ ਦੌੜ ਵਿਚ ਖ਼ਾਲਸਾ ਸਕੂਲ ਰੋਪੜ ਦੀ ਮਾਸੂਮ ਨੇ ਪਹਿਲਾ, ਡੀਏਵੀ ਸਕੂਲ ਦੀ ਤੰਨੂ ਨੇ ਦੂਜਾ, ਲੜਕਿਆਂ ਦੀ 17 ਸਾਲ ਤੋਂ ਘੱਟ ਉਮਰ ਵਰਗ ਦੀ 100 ਮੀਟਰ ਦੌੜ ਵਿਚ ਸੇਂਟ ਕਾਰਮਲ ਸਕੂਲ ਦੇ ਐਲ.ਗੌਤਮ ਨੇ ਪਹਿਲਾ, ਡੀਏਵੀ ਸਕੂਲ ਦੇ ਰਾਜਵੀਰ ਸਿੰਘ ਨੇ ਦੂਜਾ, ਲੜਕੀਆਂ ਦੀ 17 ਸਾਲ ਤੋਂ ਘੱਟ ਉਮਰ ਵਰਗ ਦੀ ਟੱਗ ਆਫ਼ ਵਾਰ ਗੇਮ ਵਿਚ ਡੀ.ਏ.ਵੀ. ਸਕੂਲ ਰੋਪੜ ਨੇ ਪਹਿਲਾ ਪਹਿਲਾ ਇਨਾਮ ਜਿੱਤਿਆ। ਲੜਕਿਆਂ ਦੇ ਇਸੇ ਵਰਗ ਵਿਚ ਪਰਿਵਾਰ ਵਿਛੋੜਾ ਸਕੂਲ ਸਰਸਾ ਨੰਗਲ ਨੇ ਪਹਿਲਾ, ਲੜਕਿਆਂ ਦੀ ਇਸ ਖੇਡ ਦੇ ਅੰਡਰ 19 ਸਾਲ ਵਰਗ ਵਿਚ ਜੀਨੀਅਸ ਸਕੂਲ ਰੋਪੜ ਨੇ ਪਹਿਲਾ ਸਥਾਨ ਹਾਸਲ ਕੀਤਾ। ਲੜਕੀਆਂ ਦੇ ਵਰਗ ਵਿਚ ਸਰਵੋਤਮ ਅਥਲੀਟ ਦਾ ਪੁਰਸਕਾਰ ਖ਼ਾਲਸਾ ਸਕੂਲ ਰੋਪੜ ਦੇ ਮਾਸੂਮ ਨੇ, ਲੜਕਿਆਂ ਦੇ ਵਰਗ ਵਿਚ ਸਰਵੋਤਮ ਅਥਲੀਟ ਦਾ ਪੁਰਸਕਾਰ ਸੇਂਟ ਕਾਰਮਲ ਸਕੂਲ ਦੇ ਐਲ.ਗੌਤਮ ਅਤੇ ਡੀਏਵੀ ਸਕੂਲ ਰੋਪੜ ਦੇ ਨਵਪ੍ਰੀਤ ਸਿੰਘ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ। ਵੱਧ ਤੋਂ ਵੱਧ ਭਾਗ ਲੈਣ ਵਾਲੀ ਟਰਾਫ਼ੀ ਡੀ.ਏ.ਵੀ. ਸਕੂਲ ਰੋਪੜ ਨੂੰ ਦਿੱਤੀ ਗਈ, ਓਵਰਆਲ ਟਰਾਫ਼ੀ ਜੀਨੀਅਸ ਇੰਟਰਨੈਸ਼ਨਲ ਸਕੂਲ ਰੋਪੜ ਨੇ ਜਿੱਤੀ ਅਤੇ ਉਪ ਜੇਤੂ ਡੀਏਵੀ ਸਕੂਲ ਰੋਪੜ ਦੀ ਟੀਮ ਰਹੀ। ਰੋਟਰੀ ਕਲੱਬ ਰੂਪਨਗਰ ਦੇ ਮੈਂਬਰਾਂ ਨੇ ਚਮਚਾ ਦੌੜ ਵਿਚ ਭਾਗ ਲਿਆ ਜਿਸ ਵਿਚ ਰੋਟੇਰੀਅਨ ਸੁਰਜੀਤ ਸਿੰਘ ਨੇ ਪਹਿਲਾ, ਤੇਜਿੰਦਰ ਕੌਰ ਨੇ ਦੂਜਾ ਅਤੇ ਮੈਡਮ ਸੰਤੋਸ਼ ਵਿਰਦੀ ਨੇ ਤੀਜਾ ਇਨਾਮ ਪ੍ਰਾਪਤ ਕੀਤਾ। ਇਸ ਪ੍ਰੋਜੈਕਟ ਦੇ ਚੇਅਰਮੈਨ ਰੋਟੇਰੀਅਨ ਸੁਰਜੀਤ ਸਿੰਘ ਸੰਧੂ ਰਿਟਾਇਰਡ ਡਿਪਟੀ ਡਾਇਰੈਕਟਰ ਖੇਡਾਂ ਨੇ ਕਿਹਾ ਕਿ ਸਕੂਲੀ ਵਿਦਿਆਰਥੀਆਂ ਲਈ ਖੇਡ ਸਮਾਗਮ ਇੱਕ ਸ਼ਾਨਦਾਰ ਤਜਰਬਾ ਹੈ। ਕਲੱਬ ਇਸਨੂੰ ਜਾਰੀ ਰੱਖੇਗਾ। ਇਸ ਪ੍ਰੋਜੈਕਟ ਦੇ ਕੋ-ਚੇਅਰਮੈਨ ਸਾਬਕਾ ਪ੍ਰਧਾਨ ਪ੍ਰਭਜੀਤ ਸਿੰਘ ਨੇ ਸਟੇਜ ਦਾ ਸੰਚਾਲਨ ਕੀਤਾ। ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਅਤੇ ਸਕੱਤਰ ਅਗੀਨਾ ਚਾਨਣਾ ਨੇ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਅਤੇ ਉਨ੍ਹਾਂ ਦੇ ਨਾਲ ਆਏ ਸਟਾਫ਼ ਦਾ ਧੰਨਵਾਦ ਕੀਤਾ। ਖ਼ਾਲਸਾ ਸਕੂਲ ਦੇ ਪ੍ਰਿੰਸੀਪਲ ਕੁਲਵਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਦਾ ਵੀ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿਚ ਰੋਟਰੀ ਇੰਟਰਨੈਸ਼ਨਲ ਦੇ ਜ਼ੋਨ 5 ਦੇ ਅਸਿਸਟੈਂਟ ਗਵਰਨਰ ਡਾ. ਭੀਮ ਸੈਨ, ਸਾਬਕਾ ਪ੍ਰਧਾਨ ਅਮਰ ਰਾਜ ਸੈਣੀ, ਡਾ.ਜੇ.ਕੇ. ਸ਼ਰਮਾ, ਗੁਰਪ੍ਰੀਤ ਸਿੰਘ, ਪ੍ਰਧਾਨ ਇਲੈਕਟ ਆਰਟੀਐਨ ਸੁਧੀਰ ਸ਼ਰਮਾ, ਰੋਟੇਰੀਅਨ ਅਜੈ ਤਲਵਾੜ, ਅਸ਼ੋਕ ਚੱਢਾ, ਡਾ. ਤੇਜਿੰਦਰ ਕੌਰ ਅਤੇ ਡਾ. ਅੰਕੁਰ ਵਾਹੀ ਹਾਜ਼ਰ ਸਨ। ਖੇਡ ਵਿਭਾਗ ਰੂਪਨਗਰ ਤੋਂ ਹੈਂਡਬਾਲ ਕੋਚ ਸਮਰਿਤੀ ਸ਼ਰਮਾ ਹਾਜ਼ਰ ਸਨ।

## ਜੈਸਮੀਨ ਕੌਰ ਖੱਟੜਾ ਨੇ ਜੂਨੀਅਰ ਨੈਸ਼ਨਲ ਖੇਡਾਂ ਵਿਚ ਜਿੱਤਿਆ ਸੋਨ ਤ.ਗਮਾ

ਕਾਹਨਪੁਰ ਖੂਹੀ, 8 ਦਸੰਬਰ (ਗੁਰਬੀਰ ਸਿੰਘ ਵਾਲੀਆ)- ਦੇਸ਼ ਭਰ ਵਿਚ ਖੇਡਾਂ ਵਿਚ ਵਿਸ਼ੇਸ਼ ਨਾਮਣਾ ਖੱਟਣ ਵਾਲੀ ਬੀ.ਜੇ.ਐੱਸ.ਅਕੈਡਮੀ ਸਮੁੰਦੜੀਆਂ ਵਲੋਂ ਇੱਕ ਹੋਰ ਮੀਲ ਪੱਥਰ ਸਥਾਪਤ ਕਰਦਿਆਂ ਰਾਸ਼ਟਰੀ ਖੇਡਾਂ ਵਿਚ ਸੋਨ ਤਮਗ਼ਾ ਜਿੱਤ ਕੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਖੇਡ ਅਕੈਡਮੀ ਦੀ ਖਿਡਾਰਨ ਜੈਸਮੀਨ ਕੌਰ ਖੱਟੜਾ ਪੁੱਤਰੀ ਸੁਰਜੀਤ ਸਿੰਘ ਖੱਟੜਾ ਨੇ ਭੁਵਨੇਸ਼ਵਰ ਵਿਖੇ ਚੱਲ ਰਹੀਆਂ ਜੂਨੀਅਰ ਨੈਸ਼ਨਲ ਖੇਡਾਂ ਵਿਚ ਗੋਲਾ ਸੁੱਟਣ ਦੇ ਮੁਕਾਬਲੇ ਵਿਚ ਸੋਨ ਤਮਗ਼ਾ ਜਿੱਤ ਕੇ ਇਸ ਅਕੈਡਮੀ ਦਾ ਦਬਦਬਾ ਕਾਇਮ ਰੱਖਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੋਨ ਤਮਗ਼ਾ ਜੇਤੂ ਖਿਡਾਰਨ ਜੈਸਮੀਨ ਕੌਰ ਖੱਟੜਾ ਦੇ ਕੋਚ ਬਲਵਿੰਦਰ ਸਿੰਘ ਸਮੁੰਦੜੀਆਂ ਨੇ ਦੱਸਿਆ ਕਿ ਜੈਸਮੀਨ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਅੰਡਰ 16 ਵਰਗ ਵਿਚ ਪੂਰੇ ਦੇਸ਼ ਦੀਆਂ ਖਿਡਾਰਨਾਂ ਨੂੰ ਪਛਾੜਦਿਆਂ ਜਿੱਥੇ ਪਹਿਲਾ ਸਥਾਨ ਪ੍ਰਾਪਤ ਕੀਤਾ, ਉੱਥੇ ਹੀ ਨਵਾਂ ਮੀਟ ਰਿਕਾਰਡ ਬਣਾ ਕੇ ਆਪਣੇ ਇਲਾਕੇ, ਜ਼ਿਲ੍ਹੇ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਾਲ 2018 ਤੋਂ ਸਾਡੀ ਅਕੈਡਮੀ ਦੀਆਂ ਖਿਡਾਰਨਾਂ ਵਲੋਂ ਇਸ ਈਵੈਂਟ ਵਿਚ ਜਿੱਤ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਆਪਣਾ ਦਬਦਬਾ ਬਣਾਇਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਜਿੱਥੇ ਜੈਸਮੀਨ ਕੌਰ ਸੀਨੀਅਰ ਅਤੇ ਗੁਰਲੀਨ ਕੌਰ ਨੇ ਇਸ ਪ੍ਰਾਪਤੀ ਨਾਲ ਅਕੈਡਮੀ ਦਾ ਨਾਮ ਰੌਸ਼ਨ ਕਰ ਚੁੱਕੀਆਂ ਹਨ, ਉੱਥੇ ਇਸ ਸਾਲ ਜੈਸਮੀਨ ਕੌਰ ਖੱਟੜਾ ਨੇ ਇਸ ਜਿੱਤ ਨਾਲ ਅਕੈਡਮੀ ਦਾ ਦਬਦਬਾ ਕਾਇਮ ਰੱਖਿਆ ਹੈ। ਗੌਰਤਲਬ ਹੈ ਕਿ ਪਿਛਲੇ ਦਿਨੀਂ ਹੋਈਆਂ ਪੰਜਾਬ ਸਕੂਲ ਖੇਡਾਂ ਵਿਚ ਵੀ ਇਸ ਖਿਡਾਰਨ ਨੇ ਸੋਨ ਤਮਗ਼ਾ ਜਿੱਤਿਆ ਸੀ। ਇਸ ਸਬੰਧੀ ਗੱਲਬਾਤ ਕਰਦਿਆਂ ਵਿਧਾਇਕ ਦਿਨੇਸ਼ ਚੱਢਾ ਨੇ ਜੇਤੂ ਖਿਡਾਰਨ ਅਤੇ ਕੋਚ ਬਲਵਿੰਦਰ ਸਿੰਘ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਹੂਲਤਾਂ ਤੋਂ ਸੱਖਣੇ ਤੇ ਪਛੜੇ ਹੋਏ ਇਲਾਕੇ ਵਿਚ ਬੀ.ਜੇ.ਐਸ. ਅਜਿਹੀ ਖੇਡ ਅਕੈਡਮੀ ਜੋ ਕਿ ਬਿਨਾਂ ਕਿਸੇ ਸਰਕਾਰੀ ਸਹਾਇਤਾ ਤੋਂ, ਰਾਸ਼ਟਰ ਪੱਧਰ ਦੇ ਖਿਡਾਰੀ ਪੈਦਾ ਕਰ ਰਹੀ ਹੈ ਇਸ ਉੱਤੇ ਸਮੁੱਚਾ ਇਲਾਕਾ ਮਾਣ ਮਹਿਸੂਸ ਕਰਦਾ ਹੈ।





ਮੰਗੂਵਾਲ ਦੀਵਾੜੀ 'ਚ ਸ. ਪ੍ਰਾ. ਸਕੂਲ ਦੀ ਨਵੀਂ ਇਮਾਰਤ ਦੀ ਸ਼ੁਰੂਆਤ ਦੌਰਾਨ ਸਰਪੰਚ ਸੋਹਣ ਮੁਹੰਮਦ ਤੇ ਮੁਹਤਬਰ। ਤਸਵੀਰ: ਬਾਵਾ

## ਮੁਹਤਬਰਾਂ ਨੇ ਸਰਪੰਚ ਸਮੇਤ ਸਾਂਝੇ ਤੌਰ 'ਤੇ ਕੀਤੀ ਸਕੂਲ ਇਮਾਰਤ ਦੇ ਨਿਰਮਾਣ ਦੀ ਸ਼ੁਰੂਆਤ

ਭਰਤਗੜ੍ਹ, 8 ਦਸੰਬਰ (ਜਸਬੀਰ ਸਿੰਘ ਬਾਵਾ)-ਮੰਗੂਵਾਲ ਦੀਵਾੜੀ 'ਚ ਸਰਪੰਚ ਸੋਹਣ ਮੁਹੰਮਦ, ਸਾਬਕਾ ਸਰਪੰਚ ਤਰਸੇਮ ਸਿੰਘ, ਸਾਬਕਾ ਸਰਪੰਚ ਭੁਪਿੰਦਰ ਸਿੰਘ, ਡਾ. ਹੇਮ ਰਾਜ, ਪ੍ਰਕਾਸ਼ ਸਿੰਘ ਸੰਧੂ, ਸਮਾਜ ਸੇਵੀ ਸੁਖਜਿੰਦਰ ਸਿੰਘ ਭਾਓਵਾਲ ਨੇ ਸਾਂਝੇ ਤੌਰ 'ਤੇ ਸ. ਪ੍ਰਾਇਮਰੀ ਸਕੂਲ ਦੀ ਨਵੀਂ ਇਮਾਰਤ ਦੇ ਨਿਰਮਾਣ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਸਦਕਾ ਉਨ੍ਹਾਂ ਵਲੋਂ ਐਲਾਨੀ 50 ਲੱਖ ਰੁਪਏ ਦੀ ਗ੍ਰਾਂਟ ਨਾਲ ਇਸ ਪਿੰਡ ਦੇ ਬੱਚਿਆਂ ਲਈ ਅਧੁਨਿਕ ਸਹੂਲਤਾਂ ਨਾਲ ਭਰਪੂਰ ਨਵੀਂ ਇਮਾਰਤ ਮੁਕੰਮਲ ਹੋਵੇਗੀ। ਮੌਜੂਦਾ ਸਰਪੰਚ ਸੋਹਣ ਮੁਹੰਮਦ ਨੇ ਦੱਸਿਆ ਕਿ ਇਸ ਪਿੰਡ 'ਚ ਕਰੀਬ 52 ਵਰ੍ਹੇ ਪੁਰਾਣੀ ਇਮਾਰਤ 'ਚ ਬੱਚੇ ਪੜ੍ਹ ਰਹੇ ਸਨ, ਅਚਾਨਕ ਵਰ੍ਹਦੇ ਮੀਂਹ 'ਚ ਅਚਾਨਕ ਫੇਰੀ ਦੌਰਾਨ ਕੈਬਨਿਟ ਮੰਤਰੀ ਬੈਂਸ ਨੇ ਵਾਅਦਾ ਕੀਤਾ ਸੀ, ਕਿ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਇਹ ਇਮਾਰਤ ਸੁਰੱਖਿਅਤ ਨਹੀਂ। ਸਥਾਨਕ ਮੁਹਤਬਰ, ਅਧਿਆਪਕ ਅਤੇ ਬੱਚਿਆਂ ਨੂੰ ਪਿੰਡ 'ਚ ਧਰਮਸ਼ਾਲਾ ਜਾਂ ਗੁਰੂ ਘਰ ਦੇ ਦੇਣ, ਅਸੀਂ ਜਲਦੀ ਹੀ ਸਕੂਲ ਦੀ ਨਵੀਂ ਇਮਾਰਤ ਬਣਾਵਾਂਗੇ। ਉਨ੍ਹਾਂ ਦੇ ਯਤਨਾਂ ਸਦਕਾ 50 ਲੱਖ ਰੁਪਏ ਦੀ ਗ੍ਰਾਂਟ 'ਚੋਂ 25 ਫ਼ੀਸਦੀ ਰਾਸ਼ੀ ਵਿਭਾਗ ਨੂੰ ਮਿਲਣ ਮਗਰੋਂ ਨਵੀਂ ਇਮਾਰਤ ਦਾ ਨਿਰਮਾਣ ਸ਼ੁਰੂ ਹੋ ਗਿਆ ਹੈ, ਨਿਯਮਾਂ ਮੁਤਾਬਿਕ ਹੋਰ ਰਾਸ਼ੀ ਮਿਲਣ ਦੇ ਨਾਲ਼-ਨਾਲ਼ ਨਿਰਮਾਣ ਮੁਕੰਮਲ ਹੋ ਜਾਵੇਗਾ। ਇਸ ਮੌਕੇ ਬਾਬੂ ਰਾਮ, ਚਰਨ ਸਿੰਘ, ਲਖਵੀਰ ਸਿੰਘ ਬੜਾ ਪਿੰਡ ਤੇ ਮਾ. ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

### ਕੈਬਨਿਟ ਮੰਤਰੀ ਬੈਂਸ ਵਲੋਂ ਐਲਾਨੀ 50 ਲੱਖ ਰੁਪਏ ਦੀ ਰਾਸ਼ੀ ਨਾਲ ਮੰਗੂਵਾਲ ਦੀਵਾੜੀ 'ਚ ਬਣੇਗਾ ਸਕੂਲ

## ਸੰਸਥਾ 'ਇਨਸਾਨੀਅਤ ਪਹਿਲਾਂ' ਨੇ ਲਗਾਇਆ ਪਪਰਾਲਾ ਵਿਖੇ ਅੱਖਾਂ ਦਾ ਜਾਂਚ ਕੈਂਪ

ਰੂਪਨਗਰ, 8 ਦਸੰਬਰ (ਯਸ਼ਵੰਤ ਬੱਸੀ)-ਸਮਾਜ ਸੇਵੀ ਸੰਸਥਾ 'ਇਨਸਾਨੀਅਤ ਪਹਿਲਾਂ' ਵਲੋਂ ਭਾਜਪਾ ਰੂਪਨਗਰ ਦੇ ਸਹਿਯੋਗ ਨਾਲ ਪਿੰਡ ਪਪਰਾਲਾ ਵਿਚ ਅੱਖਾਂ ਦਾ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕੀਤਾ। ਇਸ ਕੈਂਪ ਵਿਚ 475 ਲੋਕਾਂ ਦੀਆਂ ਅੱਖਾਂ ਦੀ ਮੁਫ਼ਤ ਜਾਂਚ ਆਧੁਨਿਕ ਯੰਤਰਾਂ ਨਾਲ ਕੀਤੀ ਗਈ ਅਤੇ ਜ਼ਰੂਰਤਮੰਦਾਂ ਨੂੰ ਮੁਫ਼ਤ ਦਵਾਈਆਂ ਤੇ ਐਨਕਾਂ ਵੀ ਦਿੱਤੀਆਂ ਗਈਆਂ। ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਸੰਸਥਾ ਦਾ ਹਮੇਸ਼ਾ ਤੋਂ ਹੀ ਸਮਾਜ ਦੀ ਸੇਵਾ ਕਰਨ ਦਾ ਉਦੇਸ਼ ਰਿਹਾ ਹੈ। ਉਨ੍ਹਾਂ ਨੇ ਇਸ ਕੈਂਪ ਦੀ ਸਫਲਤਾ ਲਈ ਪਿੰਡ ਦੀ ਸਰਪੰਚ ਜਸਵੰਤ ਕੌਰ ਅਤੇ ਹੋਰ ਪੰਚਾਇਤ ਮੈਂਬਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦੇ ਹੋਰ ਕੈਂਪ ਵੀ ਲਗਾਏ ਜਾਣਗੇ ਤਾਂ ਜੋ ਹੋਰ ਜ਼ਿਆਦਾ ਲੋਕਾਂ ਨੂੰ ਇਸਦਾ ਲਾਭ ਮਿਲ ਸਕੇ। ਕੈਂਪ ਦੌਰਾਨ ਇਨਸਾਨੀਅਤ ਪਹਿਲਾਂ ਦੇ ਅਹੁਦੇਦਾਰ ਬਾਬਾ ਪਰਮਜੀਤ ਸਿੰਘ ਰੋਲੂਮਾਜਰਾ, ਸਰਪੰਚ ਜਸਵੰਤ ਕੌਰ ਤੇ ਮੰਡਲ ਰੋਪੜ ਦੇ ਪ੍ਰਧਾਨ ਜਗਦੀਸ਼ ਚੰਦਰ ਕਾਜਲਾ ਨੇ ਸੰਸਥਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅੱਖਾਂ ਦੇ ਜਾਂਚ ਕੈਂਪ ਤੋਂ ਇਲਾਵਾ ਸੰਸਥਾ ਵਲੋਂ ਹੋਰ ਵੀ ਅਨੇਕਾਂ ਲੋਕ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ। ਇਸ ਮੌਕੇ ਜ਼ਿਲ੍ਹਾ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਰਮਨ ਜਿੰਦਲ, ਵਿਸ਼ਨੂ ਭਟਨਾਗਰ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਲਾਲ ਸਿੰਘ, ਸੋਹਣ ਸਿੰਘ, ਕੁਲਦੀਪ ਸਿੰਘ, ਸਵਰਨ ਸਿੰਘ, ਦਲਬੀਰ ਸਿੰਘ, ਮਹਿੰਦਰ ਸਿੰਘ, ਦਲਬੀਰ ਕੌਰ, ਬਲਵੀਰ ਸਿੰਘ, ਰਣਬੀਰ ਸਿੰਘ, ਗੁਰਿੰਦਰ ਸਿੰਘ ਗੋਗੀ ਆਦਿ ਮੌਜੂਦ ਸਨ।





ਪਪਰਾਲਾ ਵਿਖੇ ਅੱਖਾਂ ਦੇ ਜਾਂਚ ਕੈਂਪ ਦੀ ਤਸਵੀਰ। *ਤਸਵੀਰ : ਵਰੁਣ ਲਾਂਬਾ*

### ਵਰ੍ਹੇਗੰਢ ਮਨਾਈ



ਗੁਰਦਿਆਲ ਸਿੰਘ ਅਤੇ ਮਨਜੀਤ ਕੌਰ ਵਾਸੀ ਮਾਡਲ ਟਾਊਨ, ਰੋਪੜ ਨੇ ਆਪਣੇ ਵਿਆਹ ਦੀ 40ਵੀ ਵਰ੍ਹੇਗੰਢ ਮਨਾਈ।



ਮਨਪ੍ਰੀਤ ਸਿੰਘ ਅਤੇ ਮਨਪ੍ਰੀਤ ਕੌਰ, ਨਿਵਾਸੀ ਸਨ ਸਿਟੀ, ਰੋਪੜ ਨੇ ਆਪਣੇ ਵਿਆਹ ਦੀ 6ਵੀਂ ਵਰ੍ਹੇਗੰਢ ਮਨਾਈ।



ਸੁਭਾਸ਼ ਮਨਚੰਦਾ ਅਤੇ ਪਰਵੀਨ ਮਨਚੰਦਾ ਵਾਸੀ ਰੋਪੜ ਨੇ ਆਪਣੇ ਵਿਆਹ ਦੀ 36ਵੀਂ ਵਰ੍ਹੇਗੰਢ ਮਨਾਈ।

### ਜਨਮ ਦਿਨ ਮੁਬਾਰਕ

ਓਜਸਵੀ ਕਾਜਲਾ
ਪਿਤਾ : ਵਿਕਾਸ ਕਾਜਲਾ
ਮਾਤਾ : ਮੰਜੂ ਕਾਜਲਾ
ਵਾਸੀ : ਕ੍ਰਿਸ਼ਨ ਨਗਰ, ਰੂਪਨਗਰ



### ਪੰਜਾਬ ਪੈਨਸ਼ਨਰਜ਼ ਮਹਾਂਸੰਘ ਸ੍ਰੀ ਚਮਕੌਰ ਸਾਹਿਬ ਵਲੋਂ ਸ਼ਹੀਦੀ ਸਭਾ ਦੌਰਾਨ ਸ਼ਰਾਬ ਤੇ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੀ ਅਪੀਲ

ਸ੍ਰੀ ਚਮਕੌਰ ਸਾਹਿਬ, 8 ਦਸੰਬਰ (ਜਗਮੋਹਣ ਸਿੰਘ ਨਾਰੰਗ)-ਪੰਜਾਬ ਪੈਨਸ਼ਨਰਜ਼ ਮਹਾਸੰਘ ਬਲਾਕ ਸ੍ਰੀ ਚਮਕੌਰ ਸਾਹਿਬ ਦੇ ਪ੍ਰਧਾਨ ਸ੍ਰੀ ਧਰਮਪਾਲ ਸੋਖਲ ਦੀ ਅਗਵਾਈ ਹੇਠ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਭਾ ਦੌਰਾਨ ਇਲਾਕੇ ਅੰਦਰ ਮੀਟ ਅਤੇ ਸ਼ਰਾਬ ਦੇ ਠੇਕੇ ਬੰਦ ਰਖਾਏ ਜਾਣ ਅਤੇ ਵੱਧ ਤੋਂ ਵੱਧ ਸੈਮੀਨਾਰ ਕਰਵਾ ਕੇ ਅਜੋਕੀ ਪੀੜੀ ਨੂੰ ਗੁਰੂ ਸਾਹਿਬ ਦੇ ਇਤਿਹਾਸ ਬਾਰੇ ਜਾਣੂ ਕਰਵਾਉਣ। ਇਸਦੇ ਨਾਲ ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਸਮਾਗਮਾਂ ਦੌਰਾਨ ਸਕੂਲਾਂ ਵਿਚ ਛੁੱਟੀ ਕਰਨ ਦੀ ਮੰਗ ਵੀ ਕੀਤੀ ਗਈ। ਇਸ ਮੌਕੇ ਲਛਮਣ ਸਿੰਘ, ਹਰਚੰਦ ਸਿੰਘ ਜਗਤਪੁਰ, ਸੁਰਿੰਦਰਜੀਤ ਵਰਮਾ, ਪਵਨ ਕੁਮਾਰ, ਸੁਰਿੰਦਰਪਾਲ ਸਿੰਘ, ਨੌਹਰੀਆ ਸਿੰਘ, ਪ੍ਰਗਟ ਸਿੰਘ ਰੋਲੂਮਾਜਰਾ, ਬਾਰਾ ਸਿੰਘ ਕੰਗ, ਕੈਪਟਨ ਹਰਪਾਲ ਸਿੰਘ, ਕੈਪਟਨ ਗੁਰਦੇਵ ਸਿੰਘ, ਗੁਰਦਿਆਲ ਸਿੰਘ ਆਦਿ ਹਾਜ਼ਰ ਸਨ।

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਾਬਕਾ ਮੰਤਰੀ ਠੰਡਲ ਨੇ ਕੀਤੀ ਸੇਵਾ

### ਕਿਹਾ, ਅਕਾਲੀ-ਭਾਜਪਾ ਗੱਠਜੋੜ ਇਕੱਠਾ ਕਰਨ ਲਈ ਤਿਆਰ ਕਰਨਗੇ ਰਣਨੀਤੀ

ਸ੍ਰੀ ਅਨੰਦਪੁਰ ਸਾਹਿਬ, 8 ਦਸੰਬਰ (ਜੇ ਐਸ ਨਿੱਕੂਵਾਲ)-ਸ੍ਰੀ ਅਕਾਲ ਤਖ਼ਤ ਵਲੋਂ ਲਗਾਈ ਗਈ ਸੇਵਾ ਪੂਰੀ ਕਰਨ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪੁੱਜੇ ਸਾਬਕਾ ਮੰਤਰੀ ਅਤੇ ਭਾਜਪਾ ਆਗੂ ਸੋਹਣ ਸਿੰਘ ਠੰਡਲ ਨੇ ਜੂਠੇ ਭਾਂਡੇ ਸਾਫ਼ ਕਰਨ ਦੀ ਸੇਵਾ ਕੀਤੀ। ਇਸ ਮੌਕੇ ਠੰਡਲ ਨੇ ਕਿਹਾ ਕਿ ਕੁੱਝ ਆਗੂਆਂ ਵੱਲੋਂ ਜਾਣਬੁੱਝ ਕੇ ਸਾਰਾ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬੇਸ਼ੱਕ ਸੁਖਬੀਰ ਸਿੰਘ ਬਾਦਲ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਉਨ੍ਹਾਂ ਉੱਤੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਹਮਲਾ ਵੀ ਕੀਤਾ ਗਿਆ ਪ੍ਰੰਤੂ ਇਸ ਦੇ ਬਾਵਜੂਦ ਉਨ੍ਹਾਂ ਨੇ ਸਹਿਜ, ਨਿਮਰਤਾ ਤੇ ਹਲੀਮੀ ਦੀ ਇੱਕ ਵੱਡੀ ਉਦਾਹਰਨ ਪੇਸ਼ ਕੀਤੀ ਹੈ ਜਿਸ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਠੰਡਲ ਨੇ ਕਿਹਾ ਕਿ ਉਹ ਜਲਦੀ ਹੀ ਸ਼੍ਰੋਮਣੀ ਅਕਾਲੀ ਦਲ ਵਿਚ ਵਾਪਸੀ ਕਰਨ ਸਬੰਧੀ ਜਾਂ ਸੂਬੇ ਦੇ ਵਡੇਰੇ ਹਿਤਾਂ ਲਈ ਭਾਜਪਾ ਤੇ ਅਕਾਲੀ ਦਲ ਨੂੰ ਇਕੱਠਾ ਕਰਨ ਬਾਰੇ ਵਿਚਾਰ ਕਰ ਕੇ ਅਗਲੀ ਰਣਨੀਤੀ ਤਿਆਰ ਕਰਨਗੇ। ਠੰਡਲ ਨੇ ਕਿਹਾ ਕਿ ਪੰਜਾਬ ਅੰਦਰ ਮੌਜੂਦਾ ਸਮੇਂ ਨਾ ਤਾਂ ਅਕਾਲੀ ਦਲ ਤੇ ਨਾ ਹੀ ਭਾਜਪਾ ਇਕੱਲੀ ਸਰਕਾਰ ਬਣਾ ਸਕਦੀ ਹੈ ਇਸ ਲਈ ਦੋਵੇਂ ਪਾਰਟੀਆਂ ਨੂੰ ਇਕੱਠੇ ਹੋ ਕੇ ਲੜਾਈ ਲੜਨੀ ਚਾਹੀਦੀ ਹੈ। ਕੇਂਦਰੀ ਮੰਤਰੀ ਰਵਨੀਤ ਬਿੱਟੂ ਵਲੋਂ ਨਰਾਇਣ ਸਿੰਘ ਚੌੜਾ ਦੀ ਤਸਵੀਰ ਕੇਂਦਰੀ ਅਜਾਇਬਘਰ ਵਿਚ ਲਗਾਉਣ ਦੀ ਮੰਗ ਕੀਤੇ ਜਾਣ ਸਬੰਧੀ ਪ੍ਰਤੀਕਿਰਿਆ ਦਿੰਦਿਆਂ ਠੰਡਲ ਨੇ ਕਿਹਾ ਕਿ ਬਿੱਟੂ ਤਾਕਤ ਦੇ ਨਸ਼ੇ ਵਿਚ ਅਜਿਹੇ ਬਿਆਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ 'ਚ ਗੋਲੀ ਚਲਾਉਣ ਵਾਲੇ ਵਿਅਕਤੀ ਦੀ ਤਸਵੀਰ ਜੇਕਰ ਅਜਾਇਬਘਰ ਵਿਚ ਲੱਗਣ ਲੱਗ ਜਾਵੇ ਤਾਂ ਸਿੱਖੀ ਦਾ ਸਿਧਾਂਤ ਕਿੱਥੇ ਜਾਵੇਗਾ। ਉਨ੍ਹਾਂ ਕਿਹਾ ਕਿ ਬਿੱਟੂ ਨੂੰ ਮੁਆਫ਼ੀ ਮੰਗਣ ਬਾਰੇ ਸੋਚਣਾ ਚਾਹੀਦਾ ਹੈ। ਠੰਡਲ ਨੇ ਕਿਹਾ ਕਿ ਉਨ੍ਹਾਂ ਦੇ ਭਾਜਪਾ ਵਿਚ ਸ਼ਾਮਲ ਹੋਣ ਪਿੱਛੇ ਕੋਈ ਵੱਡਾ ਸਿਆਸੀ ਕਾਰਨ ਨਹੀਂ ਸੀ ਤੇ ਨਾ ਹੀ ਉਹ ਅਕਾਲੀ ਦਲ ਨਾਲ ਨਾਰਾਜ਼ ਸਨ ਪ੍ਰੰਤੂ ਚੱਬੇਵਾਲ ਹਲਕੇ ਵਿਚ ਜਿਸ ਤਰ੍ਹਾਂ ਦੇ ਹਾਲਾਤ ਬਣੇ ਉਨ੍ਹਾਂ ਨੂੰ ਮਜਬੂਰ ਹੋ ਕੇ ਚੋਣ ਲੜਨੀ ਪਈ। ਉਨ੍ਹਾਂ ਕਿਹਾ ਕਿ ਚੋਣਾਂ ਉਪਰੰਤ ਉਨ੍ਹਾਂ ਭਾਜਪਾ ਦੀ ਲੀਡਰਸ਼ਿਪ ਨਾਲ ਕੋਈ ਸੰਪਰਕ ਨਹੀਂ ਕੀਤਾ।



ਸ੍ਰੀ ਅਨੰਦਪੁਰ ਸਾਹਿਬ ਵਿਖੇ ਸੇਵਾ ਕਰਦੇ ਹੋਏ ਸਾਬਕਾ ਕੈਬਨਿਟ ਮੰਤਰੀ ਠੰਡਲ ਅਤੇ ਗੱਲਬਾਤ ਕਰਦੇ ਹੋਏ।

## ਸੁਖਬੀਰ 'ਤੇ ਹਮਲਾ ਮੰਦਭਾਗੀ ਘਟਨਾ- ਕਰਨ ਸਿੰਘ, ਮਾਂਗਟ

ਸ੍ਰੀ ਚਮਕੌਰ ਸਾਹਿਬ, 8 ਦਸੰਬਰ (ਜਗਮੋਹਣ ਸਿੰਘ ਨਾਰੰਗ)-ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਇੰਚਾਰਜ ਡੀ ਟੀ ਓ ਕਰਨ ਸਿੰਘ ਤੇ ਸੀਨੀਅਰ ਅਕਾਲੀ ਆਗੂ ਤੇ ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ ਦੇ ਸਾਬਕਾ ਪ੍ਰਧਾਨ ਅਮਨਦੀਪ ਸਿੰਘ ਮਾਂਗਟ ਨੇ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਸ੍ਰੀ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਾਹਿਬ ਤੇ ਪੇਸ਼ ਹੋ ਕੇ ਲੱਗੇ ਦੋਸ਼ਾਂ ਨੂੰ ਕਬੂਲਿਆ ਤੇ ਸਿੰਘ ਸਾਹਿਬਾਨ ਦੇ ਹੁਕਮਾਂ ਤੇ ਮਿਲੀ ਸਜਾ ਨੂੰ ਨਿਭਾਅ ਰਹੇ ਹਨ ਤੇ ਇਸ ਦੌਰਾਨ ਉਨ੍ਹਾਂ ਤੇ ਹਮਲਾ ਬਹੁਤ ਹੀ ਨਿੰਦਣਯੋਗ ਹੈ।

## ਹਾਕਮਾਂ ਦੀਆਂ ਨੀਤੀਆਂ ਦੇਸ਼ ਤੇ ਲੋਕਾਂ ਲਈ ਘਾਤਕ- ਪਾਸਲਾ

ਸ੍ਰੀ ਅਨੰਦਪੁਰ ਸਾਹਿਬ, 8 ਦਸੰਬਰ (ਨਿੱਕੂਵਾਲ/ਸੈਣੀ)- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵਲੋਂ ਚਲਾਈ ਜਾ ਰਹੀ ਰਾਜਨੀਤਕ ਕਾਨਫ਼ਰੰਸਾਂ ਦੀ ਲੜੀ ਤਹਿਤ ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਘਨਾਰੂ ਵਿਖੇ ਜਰਨੈਲ ਸਿੰਘ ਘਨੌਲਾ, ਧਰਮਪਾਲ ਟਿੱਬਾ ਟੱਪਰੀਆਂ, ਸੁਰਜੀਤ ਸਿੰਘ ਮੀਢਮਾ ਦੀ ਪ੍ਰਧਾਨਗੀ ਹੇਠ ਰਾਜਨੀਤਕ ਕਾਨਫ਼ਰੰਸ ਕੀਤੀ ਗਈ। ਇਸ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਕੁੱਲ ਹਿੰਦ ਜਰਨਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਭਾਜਪਾ ਦੀ ਸਰਕਾਰ ਨੇ ਸਰਕਾਰੀ ਅਦਾਰੇ, ਕਾਰਪੋਰੇਸ਼ਨਾਂ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਨਿਆਂ ਨੂੰ ਵੇਚ ਦਿੱਤੇ ਹਨ, ਬੇਰੁਜ਼ਗਾਰੀ, ਗ਼ਰੀਬੀ, ਭੁੱਖਮਰੀ ਵਿਚ ਅਥਾਹ ਵਾਧਾ ਹੋਇਆ ਹੈ। ਮਹਿੰਗਾਈ ਨੇ ਗ਼ਰੀਬ ਲੋਕਾਂ ਦਾ ਕਚੂਮਰ ਕੱਢ ਦਿੱਤਾ ਹੈ। ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ 'ਤੇ ਜ਼ੁਲਮ ਹੋ ਰਹੇ ਹਨ। ਦੇਸ਼ ਅੰਦਰ ਫ਼ਿਰਕੂ ਨਫ਼ਰਤ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਫ਼ਿਰਕੂ ਨਫ਼ਰਤ ਕਾਰਨ ਦੇਸ਼ ਦੀ ਏਕਤਾ ਅਖੰਡਤਾ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਹਾਕਮਾਂ ਦੀਆਂ ਨੀਤੀਆਂ ਕਾਰਨ ਬੇਰੁਜ਼ਗਾਰ ਨੌਜਵਾਨ ਨਸ਼ਿਆਂ ਅਤੇ ਗੈਰ ਸਮਾਜੀ ਕੰਮਾਂ ਵੱਲ ਧੱਕੇ ਜਾ ਰਹੇ ਹਨ। ਇੱਥੋਂ ਤੱਕ ਕਿ ਨੌਜਵਾਨ ਕੁੜੀਆਂ ਵੀ ਨਸ਼ਿਆਂ ਅਤੇ ਗੈਰਸਮਾਜੀ ਕੰਮਾਂ ਵਿਚ ਸ਼ਾਮਲ ਹੋ ਰਹੀਆਂ ਹਨ। ਇਸ ਸਾਰੇ ਵਰਤਾਰੇ ਖ਼ਿਲਾਫ਼ ਲੋਕਾਂ ਨੂੰ ਲਾਮਬੰਦ ਹੋਕੇ ਵਿਚਾਰਧਾਰਕ ਤੇ ਰਾਜਨੀਤਕ ਤੌਰ ਤੇ ਸੁਚੇਤ ਹੋ ਕੇ ਇਸ ਲੋਟੂ ਪ੍ਰਬੰਧ ਨੂੰ ਬਦਲਣਾ ਚਾਹੀਦਾ ਹੈ । ਇਸ ਮੌਕੇ ਜ਼ਿਲ੍ਹਾ ਸਕੱਤਰ ਮੋਹਣ ਸਿੰਘ ਧਮਾਣਾਂ ਤੇ ਤਹਿਸੀਲ ਸਕੱਤਰ ਗੁਰਨੈਬ ਸਿੰਘ ਜੇਤੇਵਾਲ ਨੇ ਕਿਹਾ ਕਿ ਕਿਰਤੀ ਲੋਕਾਂ ਨੂੰ ਅਪਣਾ ਰਾਜ ਸਥਾਪਤ ਕਰਕੇ ਹੀ ਦੁੱਖਾਂ ਤੋਂ ਨਿਜਾਤ ਮਿਲੇਗੀ। ਕਰਮਚੰਦ ਘਨਾਰੂ ਨੇ ਇਸ ਕਾਨਫ਼ਰੰਸ ਨੂੰ ਸਫਲ ਬਣਾਉਣ ਲਈ ਪਿੰਡ ਵਾਸੀਆਂ ਅਤੇ ਸ਼ਾਮਲ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਸਮਾਜ ਨੂੰ ਚੰਗੇਰਾ ਬਣਾਉਣ ਲਈ ਪੂਰਾ ਜ਼ੋਰ ਲਾਇਆ ਜਾਵੇ ।



ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਘਨਾਰੂ ਵਿਖੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵਲੋਂ ਕੀਤੀ ਗਈ ਰਾਜਨੀਤਿਕ ਕਾਨਫ਼ਰੰਸ ਦੀ ਤਸਵੀਰ।







ਸਮਾਗਮ ਦੌਰਾਨ ਸੰਗਤ ਸਿੰਘ ਲੌਂਗੀਆਂ ਅਤੇ ਐੱਨ.ਸੀ.ਸੀ. ਅਫ਼ਸਰ ਰਣਜੀਤ ਸਿੰਘ ਧਾਰਨੀ ਦਾ ਸਨਮਾਨ ਕੀਤੇ ਜਾਣ ਦੀਆਂ ਤਸਵੀਰਾਂ। *ਤਸਵੀਰਾਂ : ਜਗਮੋਹਣ ਸਿੰਘ ਨਾਰੰਗ*

## ਖ਼ਾਲਸਾ ਸਕੂਲ ਦੀ ਓਲਡ ਸਟੂਡੈਂਟਸ ਐਸੋਸੀਏਸ਼ਨ ਵਲੋਂ ਕਰਵਾਇਆ ਸਾਲਾਨਾ ਇਨਾਮ ਵੰਡ ਅਤੇ ਸਨਮਾਨ ਸਮਾਰੋਹ

ਸ੍ਰੀ ਚਮਕੌਰ ਸਾਹਿਬ, 8 ਦਸੰਬਰ (ਜਗਮੋਹਣ ਸਿੰਘ ਨਾਰੰਗ)-ਸਥਾਨਕ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਕੂਲ ਦੀ ਓਲਡ ਸਟੂਡੈਂਟਸ ਐਸੋਸੀਏਸ਼ਨ ਵਲੋਂ ਸਕੂਲ ਦੇ ਸਹਿਯੋਗ ਨਾਲ ਸਾਲਾਨਾ ਇਨਾਮ ਵੰਡ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਵਜੋਂ ਇਲਾਕੇ ਦੇ ਉੱਘੇ ਸਮਾਜਸੇਵੀ ਡਾ. ਰਾਜਪਾਲ ਚੌਧਰੀ ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਜਥੇਦਾਰ ਹਰਬੰਸ ਸਿੰਘ ਕੰਧੋਲਾ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਨੇ ਸ਼ਿਰਕਤ ਕੀਤੀ। ਇਸ ਸਮਾਗਮ ਵਿਚ ਸਕੂਲ ਦੇ ਖੇਡਾਂ, ਸਿੱਖਿਆ, ਧਾਰਮਿਕ ਅਤੇ ਹੋਰ ਵਿੱਦਿਅਕ ਗਤੀਵਿਧੀਆਂ ਵਿਚ ਨਾਮਣਾ ਖੱਟਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ ਅਤੇ ਐਸੋ. ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆਂ (ਰਿਟਾ. ਡਾਇਰੈਕਟਰ ਪੰਚਾਇਤ ਵਿਭਾਗ ਪੰਜਾਬ) ਨੂੰ ਇਲਾਕੇ ਅੰਦਰ ਸਿੱਖਿਆ ਦੇ ਖੇਤਰ ਵਿਚ ਪਾਏ ਯੋਗਦਾਨ, ਸਕੂਲ ਦੇ ਐਨ ਸੀ ਸੀ ਅਫ਼ਸਰ ਰਣਜੀਤ ਸਿੰਘ ਧਾਰਨੀ ਨੂੰ ਮੇਜਰ ਪਦ-ਉੱਨਤੀ ਹੋਣ ਅਤੇ ਕੌਮੀ ਦਿਹਾੜਿਆਂ ਤੇ ਪ੍ਰੇਡ ਦੀ ਅਗਵਾਈ ਕਰਨ ਸਮੇਤ ਸਕੂਲ ਦੇ ਮਿਆਰੀ ਪ੍ਰਬੰਧਾਂ ਸਬੰਧੀ ਅਤੇ ਸਕੂਲ ਦੀ ਸਰੀਰਕ ਸਿੱਖਿਆ ਦੀ ਅਧਿਆਪਕ ਦਲਜੀਤ ਕੌਰ ਨੂੰ ਖੇਡਾਂ ਵਿਚ ਬੱਚਿਆਂ ਨੂੰ ਕਰਵਾਈ ਜਾ ਰਹੀ ਮਿਹਨਤ ਸਬੰਧੀ ਸਨਮਾਨਿਤ ਕੀਤਾ ਗਿਆ। ਡਾ. ਰਾਜਪਾਲ ਚੌਧਰੀ ਅਤੇ ਜਥੇਦਾਰ ਕੰਧੋਲਾ ਵਲੋਂ ਇਨ੍ਹਾਂ ਨੂੰ ਸਨਮਾਨਿਤ ਕਰਨ ਦੀ ਰਸਮ ਅਦਾ ਕਰਦਿਆਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵੀ ਮੁਕਾਮ ਨੂੰ ਹਾਸਲ ਕਰਨ ਲਈ ਸਖ਼ਤ ਮਿਹਨਤ ਦੀ ਲੋੜ ਹੈ ਜੋ ਇੱਕ ਚੰਗੇ ਅਧਿਆਪਕ ਦੀ ਅਗਵਾਈ ਹੇਠ ਹੀ ਹਾਸਲ ਕੀਤੀ ਜਾ ਸਕਦੀ ਹੈ। ਜਿਸ ਦਾ ਮਾਣ ਇਸ ਸੰਸਥਾ ਨੂੰ ਹਾਸਲ ਹੈ। ਉਨ੍ਹਾਂ ਓਲਡ ਸਟੂਡੈਂਟਸ ਐਸੋ: ਵਲੋਂ ਸਕੂਲ ਦੀ ਬਿਹਤਰੀ ਲਈ ਨਿਭਾਈ ਜਾ ਰਹੀ ਸੇਵਾ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਐਸੋਸੀਏਸ਼ਨ ਦੇ ਜਨਰਲ ਸਕੱਤਰ ਪਰਗਟ ਸਿੰਘ ਰੋਲੂਮਾਜਰਾ ਨੇ ਐਸੋਸੀਏਸ਼ਨ ਦੀਆਂ ਸਰਗਰਮੀਆਂ ਸਬੰਧੀ ਜਾਣਕਾਰੀ ਦਿੱਤੀ। ਸਕੂਲ ਪ੍ਰਿੰਸੀਪਲ ਸ੍ਰੀਮਤੀ ਕਿਰਨਜੋਤ ਕੌਰ ਨੇ ਕਿਹਾ ਕਿ ਪਿਛਲੇ 100 ਵਰ੍ਹਿਆਂ ਤੋਂ ਵੀ ਵੱਧ ਸਮੇਂ ਤੋਂ ਇਲਾਕੇ ਅੰਦਰ ਰਵੀਇੰਦਰ ਸਿੰਘ ਦੁੱਮਣਾ ਸਾਬਕਾ ਸਪੀਕਰ ਵਿਧਾਨ ਸਭਾ ਪੰਜਾਬ ਦੀ ਅਗਵਾਈ ਹੇਠ ਵਿੱਦਿਅਕ ਸੇਵਾਵਾਂ ਨਿਭਾ ਰਹੇ ਖ਼ਾਲਸਾ ਸਕੂਲ ਤੋਂ ਪੜ੍ਹੇ ਵਿਦਿਆਰਥੀ ਅੱਜ ਅਹਿਮ ਅਹੁਦਿਆਂ ਤੇ ਸੇਵਾਵਾਂ ਨਿਭਾਅ ਰਹੇ ਜਾਂ ਸੇਵਾ ਮੁਕਤ ਹੋ ਚੁੱਕੇ ਹਨ। ਸਮਾਰੋਹ ਦੌਰਾਨ ਸਕੂਲ ਦੇ ਵਿਦਿਆਰਥੀਆਂ ਵਲੋਂ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ। ਉਨ੍ਹਾਂ ਸਭਨਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸੰਗਤ ਸਿੰਘ ਲੌਂਗੀਆਂ, ਪ੍ਰਗਟ ਸਿੰਘ ਰੌਲੂ ਮਾਜਰਾ, ਕੈਪਟਨ ਕਰਨੈਲ ਸਿੰਘ ਜਟਾਣਾ, ਕੈਪਟਨ ਸੰਤ ਸਿੰਘ ਨਾਰੰਗ, ਰਿਟਾ. ਪ੍ਰਿੰਸੀਪਲ ਲਛਮਣ ਸਿੰਘ,ਸੂਬੇਦਾਰ ਅਜੈਬ ਸਿੰਘ, ਕੈਪਟਨ ਹਰਪਾਲ ਸਿੰਘ, ਕੈਪਟਨ ਗੁਰਦੇਵ ਸਿੰਘ ਮਕੜੌਨਾ, ਰਿਟਾ. ਪ੍ਰਿੰਸੀਪਲ ਅਮਰਜੀਤ ਸਿੰਘ ਕੰਗ, ਤੇਜਪਾਲ ਸਿੰਘ ਸਿੱਧੂ, ਹਰਮੇਲ ਸਿੰਘ ਸੂਰਮਾ, ਬਲਦੇਵ ਸਿੰਘ ਭੋਜੇਮਾਜਰਾ, ਭਿੰਦਰ ਸਿੰਘ ਮੱਲ੍ਹੀ, ਮਨੀਸ਼ ਭੱਲਾ, ਰਾਜ ਰਾਣੀ, ਦਲਜੀਤ ਕੌਰ, ਰਾਜਵੰਤ ਕੌਰ, ਬਲਜੀਤ ਕੌਰ, ਜਸਪਾਲ ਕੌਰ, ਕਮਲਜੀਤ ਕੌਰ, ਤਰਨਜੀਤ ਕੌਰ, ਹਰਮਨਜੀਤ ਕੌਰ, ਹਰਪ੍ਰੀਤ ਕੌਰ ਆਦਿ ਸਮੇਤ ਸਮੂਹ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

## ਪ੍ਰੋਫੈਸਰ ਮੈਨਰਾ ਨੂੰ ਸੇਜਲ ਅੱਖਾਂ ਨਾਲ ਕੀਤਾ ਵਿਦਾ

ਨੰਗਲ, 8 ਦਸੰਬਰ (ਗੁਰਪ੍ਰੀਤ ਸਿੰਘ ਗਰੇਵਾਲ)-ਅੱਜ ਤਲਵਾੜਾ ਸ਼ਮਸ਼ਾਨਘਾਟ ਵਿਖੇ ਸਾਬਕਾ ਪ੍ਰੋਫ਼ੈਸਰ ਨਰੇਸ਼ ਮੈਨਰਾ ਨੂੰ ਸੇਜਲ ਅੱਖਾਂ ਨਾਲ ਵਿਦਾ ਕੀਤਾ ਗਿਆ। ਸਰਕਾਰੀ ਸ਼ਿਵਾਲਿਕ ਕਾਲਜ ਤੋਂ ਸੇਵਾ-ਮੁਕਤ ਪ੍ਰੋਫ਼ੈਸਰ ਨਰੇਸ਼ ਮੈਨਰਾ ਵਿਦਿਆਰਥੀਆਂ ਦੇ ਹਿਤ ਲਈ ਬਹੁਤ ਸਮਰਪਿਤ ਸਨ ਤੇ ਉਨ੍ਹਾਂ ਨੂੰ ਨਿਰੰਤਰ ਅਧਿਐਨ ਕਰਨ ਲਈ ਪ੍ਰੇਰਿਤ ਕਰਦੇ ਸਨ। ਉਨ੍ਹਾਂ ਨੇ ਉਮਰ ਭਰ ਲੋੜਵੰਦ ਬੱਚਿਆਂ ਦੀ ਆਰਥਿਕ ਮਦਦ ਵੀ ਕੀਤੀ। ਅੰਤਿਮ ਸੰਸਕਾਰ ਮੌਕੇ ਸ੍ਰੀ ਗੁਰੂ ਰਵੀਦਾਸ ਯੂਨੀਵਰਸਿਟੀ ਦੇ ਚੇਅਰਮੈਨ ਡਾਕਟਰ ਸੰਜੀਵ ਗੌਤਮ, ਇੰਡੀਅਨ ਮੈਡੀਕਲ ਐਸੋਸੀਏਸ਼ਨ ਚੈਪਟਰ ਨੰਗਲ ਦੇ ਚੇਅਰਮੈਨ ਡਾ. ਅਸ਼ੋਕ ਸ਼ਰਮਾ, ਅਸਿਸਟੈਂਟ ਡਾਇਰੈਕਟਰ ਤਕਨੀਕੀ ਸਿੱਖਿਆ ਵਿਭਾਗ ਲਲਿਤ ਮੋਹਨ ਚੌਧਰੀ, ਰਮੇਸ਼ ਗੁਲ੍ਹਾਟੀ, ਡਾ. ਜੀ.ਐੱਸ. ਚੱਠਾ, ਯੋਗੇਸ਼ ਸਚਦੇਵਾ, ਵਿਜੈ ਕੌਸ਼ਲ, ਹਿਤੇਸ਼ ਬੱਧਨ, ਪ੍ਰੋਫ਼ੈਸਰ ਰਾਜਿੰਦਰ ਸ਼ਰਮਾ, ਪ੍ਰੋਫ਼ੈਸਰ ਹਰਮੀਤ ਕੌਰ ਚੱਠਾ, ਪ੍ਰੋਫ਼ੈਸਰ ਗੁਰਮੀਤ ਕੌਰ, ਭੁਪਿੰਦਰ ਭਿੰਦਾ, ਰਘੂ ਮਲਹੋਤਰਾ, ਸੁਨੀਤ ਗਿੱਲ ਆਦਿ ਹਾਜ਼ਰ ਸਨ।

ਸੰਪਾਦਕ-ਰਾਜਿੰਦਰ ਸਿੰਘ। ਸ੍ਰੀਮਤੀ ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਡੀ. 219, ਇੰਡਸਟਰੀਅਲ ਏਰੀਆ, ਫੇਸ 8 ਬੀ., ਸੈਕਟਰ 74, ਮੁਹਾਲੀ ਤੋਂ ਛਪਵਾ ਕੇ ਐਸ.ਸੀ.ਓ. 12 ਸੈਕਟਰ 21 ਸੀ. ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: CHAPUN/2015/59762

Editor- Rajinder Singh. Printer, Publisher and Secretary Smt. Parkash Kaur Hamdard. Printed for Sadhu Singh Hamdard Trust at Daily Ajit Printers, D-219, Industrial area, Phase 8-B, Sector-74, Mohali and Published from SCO 12, Sector 21-C Chandigarh RNI Regd. No:- CHAPUN/2015/59762